# Visit of the Foreign Secretary to New York (14-16 July 2021)

July 15, 2021

……………………………………………………………………………………………………………………………………………

# ਵਿਦੇਸ਼ ਸਕੱਤਰ ਵੱਲੋਂ ਨਿਊਯਾਰਕ ਦੀ ਫੇਰੀ ( 14- 16 ਜੁਲਾਈ , 2021)

15 ਜੁਲਾਈ , 2021

1. ਵਿਦੇਸ਼ ਸਕੱਤਰ ਸ੍ਰੀ ਹਰਸ਼ ਵਰਧਨ ਸ਼ਰਿੰਗਲਾ ਜੁਲਾਈ 2021 ਲਈ ਫਰਾਂਸ ਦੀ ਪ੍ਰਧਾਨਗੀ ਅਧੀਨ ਆਯੋਜਿਤ ਸੰਯੁਕਤ ਰਾਸ਼ਟਰ ਸੁੱਰਖਿਆ ਪਰਿਸ਼ਦ ਦੀਆਂ ਉੱਚ ਪੱਧਰੀ ਬੈਠਕਾਂ ਵਿੱਚ ਹਿੱਸਾ ਲੈਣ ਲਈ 14-16 ਜੁਲਾਈ 2021 ਤੱਕ ਨਿਊਯਾਰਕ ਦੇ ਸਰਕਾਰੀ ਦੌਰੇ 'ਤੇ ਹਨ।

2. 15 ਜੁਲਾਈ, 2021 ਨੂੰ ਵਿਦੇਸ਼ੀ ਸੱਕਤਰ ਨੇ ਫਰਾਂਸ ਦੇ ਯੂਰਪ ਅਤੇ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਜੀਨ-ਯਵੇਸ ਲੇ ਡ੍ਰੀਅਨ ਦੀ ਪ੍ਰਧਾਨਗੀ ਵਿੱਚ "ਲੀਬੀਆ ਵਿੱਚ ਸਥਿਤੀ" ਬਾਰੇ ਸੁਰੱਖਿਆ ਪਰਿਸ਼ਦ ਦੀ ਉੱਚ ਪੱਧਰੀ ਗੱਲਬਾਤ ਵਿੱਚ ਹਿੱਸਾ ਲਿਆ। ਆਪਣੀ ਟਿੱਪਣੀ ਕਰਦਿਆਂ ਵਿਦੇਸ਼ ਸਕੱਤਰ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ 24 ਦਸੰਬਰ, 2021 ਨੂੰ ਤੈਅ ਕੀਤੇ ਅਨੁਸਾਰ ਲੀਬੀਆ ਵਿੱਚ ਚੋਣਾਂ ਕਰਵਾਉਣ, ਲੀਬੀਆ ਦੀ ਪ੍ਰਭੂਸੱਤਾ, ਸੁਤੰਤਰਤਾ, ਏਕਤਾ ਅਤੇ ਖੇਤਰੀ ਅਖੰਡਤਾ ਦੀ ਰਾਖੀ ਕਰਨ ਅਤੇ ਜੰਗਬੰਦੀ ਸਮਝੌਤੇ ਨੂੰ ਪੂਰਨ ਲਾਗੂ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਲੀਬੀਆ ਵਿੱਚ ਹਥਿਆਰਾਂ ਤੇ ਲੱਗੀ ਰੋਕ ਦੀ ਉਲੰਘਣਾ ‘ਤੇ ਵੀ ਚਿੰਤਾ ਜ਼ਾਹਰ ਕੀਤੀ ਅਤੇ ਕਿਹਾ ਕਿ ਯਕੀਨੀ ਬਣਾਉਣ ਦੀ ਜ਼ਰੂਰਤ ਹੈ ਕਿ ਲੀਬੀਆ ਵਿੱਚ ਕੰਮ ਕਰ ਰਹੇ ਅੱਤਵਾਦੀ ਸਮੂਹਾਂ ਅਤੇ ਸੰਸਥਾਵਾਂ ਨੂੰ ਹਰ ਹਾਲ ਵਿੱਚ ਵੰਗਾਰਿਆ ਜਾਵੇ। ਉਨ੍ਹਾਂ ਨੇ ਦੇਸ਼ ਵਿੱਚ ਸਥਾਈ ਸ਼ਾਂਤੀ ਲਿਆਉਣ ਦੇ ਯਤਨਾਂ ਵਿੱਚ ਲੀਬੀਆ ਅਤੇ ਲੀਬੀਆਈ ਦੇ ਲੋਕਾਂ ਦੀ ਹਮਾਇਤ ਕਰਨ ਪ੍ਰਤੀ ਭਾਰਤ ਦੀ ਵਚਨਬੱਧਤਾ ਦੁਹਰਾਈ ਅਤੇ ਸਮਰੱਥਾ ਨਿਰਮਾਣ ਅਤੇ ਆਪਸੀ ਤੌਰ ਤੇ ਪਛਾਣੇ ਗਏ ਖੇਤਰਾਂ ਵਿੱਚ ਸਿਖਲਾਈ ਸਹਾਇਤਾ ਦੇ ਮਾਮਲੇ 'ਚ ਲਈ ਭਾਰਤ ਵੱਲੋਂ ਮਦਦ ਦੀ ਪੇਸ਼ਕਸ਼ ਕੀਤੀ।

3. ਵਿਦੇਸ਼ ਸਕੱਤਰ ਨੇ ਸੰਯੁਕਤ ਰਾਸ਼ਟਰ ਦੇ ਸੱਕਤਰ ਜਨਰਲ ਮਹਾਮਹਿਮ ਐਂਟੋਨੀਓ ਗੁਟੇਰੇਸ ਨਾਲ 15 ਜੁਲਾਈ ਦੀ ਦੁਪਹਿਰ ਨੂੰ ਮੁਲਾਕਾਤ ਕੀਤੀ। ਉਨ੍ਹਾਂ ਨੇ ਸਕੱਤਰ ਜਨਰਲ ਨੂੰ ਉਨ੍ਹਾਂ ਦੇ ਦੂਜੇ ਕਾਰਜਕਾਲ ਲਈ ਮੁੜ ਨਿਯੁਕਤੀ ਹੋਣ 'ਤੇ ਉਨ੍ਹਾਂ ਨੂੰ ਵਧਾਈ ਦਿੱਤੀ। ਵਿਦੇਸ਼ ਸਕੱਤਰ ਨੇ ਸਕੱਤਰ ਜਨਰਲ ਨੂੰ ਅਗਸਤ ਵਿੱਚ ਭਾਰਤ ਵੱਲੋਂ ਪ੍ਰਧਾਨਗੀ ਸੰਭਾਲੇ ਜਾਣ ਦੌਰਾਨ ਸੁਰੱਖਿਆ ਪਰਿਸ਼ਦ ਲਈ ਭਾਰਤ ਦੀਆਂ ਤਰਜੀਹਾਂ ਅਰਥਾਤ ਸਮੁੰਦਰੀ ਸੁਰੱਖਿਆ, ਸ਼ਾਂਤੀ ਰੱਖਿਆ ਅਤੇ ਅਤਿਵਾਦ ਵਿਰੋਧ ਬਾਰੇ ਜਾਣਕਾਰੀ ਦਿੱਤੀ। ਅਫਗਾਨਿਸਤਾਨ ਅਤੇ ਮਿਆਂਮਾਰ ਸਮੇਤ ਖੇਤਰੀ ਹਾਲਾਤ, ਮੌਸਮੀ ਤਬਦੀਲੀ , ਅੰਤਰਰਾਸ਼ਟਰੀ ਸੂਰਜੀ ਗਠਜੋੜ, UNSC ਸੁਧਾਰਾਂ ਅਤੇ ਆਲਮੀ COVID - 19 ਸਮੇਤ ਕਈ ਮਸਲਿਆਂ ਉੱਤੇ ਵਿਚਾਰ - ਵਟਾਂਦਰੇ ਕੀਤੇ ਗਏ । ਸੱਕਤਰ ਜਨਰਲ ਨੇ COVID -19 ਮਹਾਂਮਾਰੀ ਦੀ ਤਾਜ਼ਾ ਲਹਿਰ ਖਿਲਾਫ ਭਾਰਤ ਸਰਕਾਰ ਅਤੇ ਭਾਰਤੀ ਲੋਕਾਂ ਨਾਲ ਏਕਤਾ ਦਾ ਪ੍ਰਗਟਾਵਾ ਕੀਤਾ।

ਉਨ੍ਹਾਂ  ਨੇ ਸਯੁੰਕਤ ਰਾਸ਼ਟਰ ਦੀ ਸਕਾਰਾਤਮਕ ਭੂਮਿਕਾ ਦੀ ਸ਼ਲਾਘਾ ਕੀਤੀ ਅਤੇ ਨਾਲ ਹੀ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਵਿੱਚ ਭਾਰਤ ਵੱਲੋਂ ਦਿੱਤੇ ਗਏ ਰਹੇ ਠੋਸ ਯੋਗਦਾਨ ਦੀ ਵੀ ਸ਼ਲਾਘਾ ਕੀਤੀ। ਸੱਕਤਰ ਜਨਰਲ ਨੇ UNSC ਦੀ ਆਉਣ ਵਾਲੀ ਪ੍ਰਧਾਨਗੀ ਉੱਤੇ ਵੀ ਭਾਰਤ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ।

4. UNSC ਦੀ ਉੱਚ ਪੱਧਰੀ ਬੈਠਕ ਸਮੇਂ ਵਿਦੇਸ਼ ਸਕੱਤਰ ਨੇ  ਯੂਰਪ ਦੇ ਮੰਤਰੀ  ਅਤੇ ਫਰਾਂਸ ਦੇ ਵਿਦੇਸ਼ੀ ਮਾਮਲਿਆਂ ਬਾਰੇ ਮੰਤਰੀ  ਮਹਾਮਹਿਮ ਜੀਨ-ਯੇਵੇਜ਼ ਲੇ ਡਰੀਅਨ  ਨਾਲ ਵੀ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਭਾਰਤ ਵੱਲੋਂ ਅਗਸਤ ਵਿੱਚ UNSC ਦੀ ਪ੍ਰਧਾਨਗੀ ਅਹੁਦੇ ਦੀਆਂ ਪਹਿਲਕਦਮੀਆਂ ਬਾਰੇ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਨੂੰ ਵਿਦੇਸ਼ ਮੰਤਰੀ ਵੱਲੋਂ ਉੱਚ ਪੱਧਰੀ ਬੈਠਕਾਂ  ਵਿੱਚ  ਸ਼ਾਮਲ ਹੋਣ ਲਈ ਸੱਦਾ ਦਿੱਤਾ, ਜਿਸ ਦੀ ਪ੍ਰਧਾਨਗੀ ਭਾਰਤ ਕਰੇਗਾ।

5. ਵਿਦੇਸ਼ ਸਕੱਤਰ ਅੱਜ  ਸੰਯੁਕਤ ਰਾਸ਼ਟਰ ਵਿੱਚ ਅਮਰੀਕਾ ਦੇ ਸਥਾਈ ਪ੍ਰਤੀਨਿਧੀ ਰਾਜਦੂਤ ਲਿੰਡਾ ਥਾਮਸ ਗ੍ਰੀਨਫੀਲਡ ਨਾਲ ਵੀ ਮੁਲਾਕਾਤ ਕਰਨਗੇ ਅਤੇ ਸੰਯੁਕਤ ਰਾਸ਼ਟਰ ਦੇ ਹੋਰ ਸੀਨੀਅਰ ਅਧਿਕਾਰੀਆਂ, ਜਿਨ੍ਹਾਂ ਵਿੱਚ ਉਪ ਸਕੱਤਰ ਜਨਰਲ, ਰਾਜਨੀਤੀ ਅਤੇ ਸ਼ਾਂਤੀ ਨਿਰਮਾਣ ਮਾਮਲਿਆਂ ਦੇ ਵਿਭਾਗ (DPPA) ਦੇ ਅੰਡਰ ਸੈਕ੍ਰੇਟਰੀ ਸ਼੍ਰੀਮਤੀ ਰੋਸਮੇਰੀ ਡੀਕਾਰਲੋ , UNDP  ਦੇ ਪ੍ਰਸ਼ਾਸਕ ਅਤੇ ਅੰਡਰ ਸੇਕ੍ਰੇਟਰੀ ਸ਼੍ਰੀ ਅਚਿਮ ਸਟੀਨਰ, ਸੱਕਤਰ ਜਨਰਲ ਦੇ ਸ਼ੈੱਫ ਡੀ ਕੈਬਨਿਟ ਸ਼੍ਰੀਮਤੀ ਮਾਰੀਆ ਵਯੋਟੀ,  UN ਮਹਿਲਾ ਵਿਭਾਗ ਦੇ ਕਾਰਜਕਾਰੀ ਡਾਇਰੈਕਟਰ, ਸ਼੍ਰੀਮਤੀ ਫੂਮਜ਼ਾਈਲ ਮਲੇਬੋ-ਐਨਗੁਕੁਕਾ ਅਤੇ USG ਅਤੇ LDC  ਅਤੇ SIDs ਲਈ ਉੱਚ ਪ੍ਰਤੀਨਿਧੀ ਸ਼੍ਰੀ ਕੌਰਟਨੈ ਰੈਟਰੇ ਸ਼ਾਮਲ ਹਨ,  ਜਿਸ ਦੌਰਾਨ ਉਹ ਸੰਯੁਕਤ ਰਾਸ਼ਟਰ ਪ੍ਰਣਾਲੀ ਅਤੇ ਇਸ ਦੀਆਂ ਏਜੰਸੀਆਂ ਨਾਲ ਭਾਰਤ ਦੇ ਪੂਰੇ ਸਬੰਧਾਂ ਬਾਰੇ ਵਿਚਾਰ ਵਟਾਂਦਰੇ ਕਰਨਗੇ।

ਨਿਊ ਯਾਰਕ

15 ਜੁਲਾਈ, 2021

DISCLAIMER: This is an approximate translation. The original is available in English on MEA’s website and may be referred to as the official press release.